ਪੰਜਾਬੀ ਟ੍ਰਿਬਿਊਨ, ਸ਼ੁੱਕਰਵਾਰ, 21 ਜੁਲਾਈ, 2000

# ਕਹਾਣੀ ਆਧਾਰਤ ਨਾਟਕਾਂ ਦੀ ਲਹਿਰ

## ਕਲਾ ਤੇ ਜ਼ਿੰਦਗੀ



ਗੁਰਸ਼ਰਨ ਸਿੰਘ

ਜਸਵੰਤ ਸਿੰਘ ਵਿਰਦੀ ਦੀ ਕਹਾਣੀ 'ਹਨੇਰੇ ਵਲ ਜਾਂਦਾ ਰਾਹ' ਉਤੇ ਆਧਾਰਤ ਨਾਟਕ 'ਮੈਂ ਹੁਣ ਇਹ ਨਹੀਂ ਹੋਣ ਦਿਆਂਗੀ' ਕਹਾਣੀ ਆਧਾਰਤ ਨਾਟਕਾਂ ਦੀ ਲਹਿਰ ਵਿਚ ਇਕ ਨਵਾਂ ਨਾਟਕ ਹੈ ਜੋ ਪੰਜਾਬ ਕਲਾ ਭਵਨ ਚੰਡੀਗੜ੍ਹ ਵਿਚ 13 ਜੁਲਾਈ, 2000 ਨੂੰ ਕਾਮਯਾਬੀ ਨਾਲ ਖੇਡਿਆ ਗਿਆ। ਨਾਟਕ ਦਾ ਸਾਹਿਤ ਦੀਆਂ ਹੋਰ ਵਿਧਾਵਾਂ ਨਾਲ ਇਕ ਵਿਸ਼ੇਸ਼ ਸਬੰਧ ਹੈ। ਇਕ ਪ੍ਰਦਰਸ਼ਨੀ ਕਲਾ ਹੋਣ ਕਰਕੇ ਸਾਹਿਤ ਦੀਆਂ ਚੰਗੀਆਂ ਕਿਰਤਾਂ ਨੂੰ ਨਾਟਕ ਦਾ ਰੂਪ ਦੇਣਾ ਅਤੇ ਕਿਤਾਬ ਦੇ ਘੇਰੇ ਤੋਂ ਬਾਹਰ ਹਜ਼ਾਰਾਂ ਲੋਕਾਂ ਤਕ ਲੈ ਕੇ ਜਾਣਾ ਨਾਟਕ ਦੀ ਖਾਸ ਵਿਸ਼ੇਸ਼ਤਾ ਹੋ ਕੇ ਇਕ ਲਹਿਰ ਦਾ ਰੂਪ ਧਾਰ ਰਹੀ ਹੈ। ਮੈਂ ਆਪ ਆਪਣੇ 45 ਸਾਲਾਂ ਦੇ ਨਾਟਕ ਸਫ਼ਰ ਦਾ ਜ਼ਿਕਰ ਕਰਾਂ ਤਾਂ ਮੇਰੇ ਬਹੁਤ ਸਾਰੇ ਮੰਚ ਉਤੇ ਸਫ਼ਲ ਨਾਟਕ, ਸਥਾਪਤ ਕਹਾਣੀਕਾਰਾਂ ਦੀਆਂ ਕਹਾਣੀਆਂ 'ਤੇ ਆਧਾਰਤ ਹਨ।

ਮਿਸਾਲ ਦੇ ਤੌਰ 'ਤੇ ਕ੍ਰਿਸ਼ਨ ਚੰਦਰ ਦੀ ਸ਼ਾਹਕਾਰ ਕਹਾਣੀ 'ਅੰਨਦਾਤਾ' ਉਤੇ ਆਧਾਰਤ ਮੇਰਾ ਪਹਿਲਾ ਨਾਟਕ 'ਮੁੱਠੀ ਭਰ ਚੌਲ' 1962 ਦੇ ਸਾਲ ਦਾ ਪ੍ਰਮੁੱਖ ਨਾਟਕ ਸੀ। ਬਾਅਦ ਵਿਚ ਸ੍ਰੀ ਨਾਨਕ ਸਿੰਘ ਦੇ ਨਾਵਲ 'ਕੋਈ ਹਰਿਆ ਬੂਟ ਰਹੀਓ ਰੀ' ਉਤੇ ਆਧਾਰਤ ਇਸੇ ਨਾਂ ਦਾ ਨਾਟਕ ਬੜਾ ਮਕਬੂਲ ਹੋਇਆ। ਇਸ ਸੂਚੀ ਵਿਚ ਸੋਹਨ ਸਿੰਘ ਸੀਤਲ ਦੇ ਨਾਵਲ 'ਤੂਤਾਂ ਵਾਲਾ ਖੂਹ' ਦਾ ਨਾਟਕੀਕਰਨ, ਜਗਰੂਪ ਸਿੰਘ ਰੂਪ ਦੀ ਕਹਾਣੀ 'ਪੰਜ ਕਲਿਆਣੀ' ਦਾ ਨਾਟਕੀ ਰੂਪ 'ਗਰੀਬ ਲੋਕ', ਅਜੀਤ ਸਿੰਘ ਪੱਤੋ ਦੀ ਕਹਾਣੀ 'ਇਕੋ ਮਿੱਟੀ ਦੇ ਪੁੱਤ' ਉਤੇ ਆਧਾਰਤ ਇਸੇ ਨਾਂ ਦਾ ਨਾਟਕ, ਓਮ ਪ੍ਰਕਾਸ਼ ਗਾਸੋ ਦੇ ਨਾਵਲਾਂ 'ਤੇ ਆਧਾਰਤ ਨਾਟਕ 'ਮਿੱਟੀ ਦਾ ਮੁੱਲ' ਅਤੇ 'ਮੌਤ ਦਰ ਮੌਤ', ਸਰਵਮੀਤ ਦੀ ਕਹਾਣੀ 'ਕਲਾਣ' ਉਤੇ ਆਧਾਰਤ 'ਨਵਾਂ ਜਨਮ' ਅਤੇ ਗੁਲ ਚੌਹਾਨ ਦੀ ਕਹਾਣੀ 'ਤੇ ਆਧਾਰਤ 'ਖੰਭਾਂ ਵਾਲੀ ਕੁੜੀ' ਆਦਿ ਆਉਂਦੇ ਹਨ।

ਇਨ੍ਹਾਂ ਕਹਾਣੀਆਂ ਅਤੇ ਨਾਵਲਾਂ ਨੂੰ ਆਧਾਰ ਬਣਾ ਕੇ ਨਾਟਕ ਸਕਰਿਪਟ ਲਿਖਣ ਵੇਲੇ ਇਸ ਗੱਲ ਦਾ ਯਤਨ ਕੀਤਾ ਗਿਆ ਕਿ ਜਿਥੇ ਕਹਾਣੀ ਦੀ ਰੂਹ ਕਾਇਮ ਰਹੇ, ਉਥੇ ਨਾਟਕ ਦੀਆਂ ਜ਼ਰੂਰਤਾਂ ਵੀ ਪੂਰੀਆਂ ਹੋਣ। ਥੋੜ੍ਹੀ-ਬਹੁਤ ਤਬਦੀਲੀ ਕਰਨੀ ਪਵੇ ਤਾਂ ਲੋੜ ਪੈਣ 'ਤੇ ਕੀਤੀ ਜਾਵੇ। ਵੱਡਾ ਮੰਤਵ ਹਮੇਸ਼ਾ ਇਹੀ ਰਿਹਾ ਹੈ ਕਿ ਸਾਹਿਤ ਦੀਆਂ ਇਨ੍ਹਾਂ ਉੱਤਮ ਰਚਨਾਵਾਂ ਦਾ ਸੁਨੇਹਾ ਵੱਧ ਤੋਂ ਵੱਧ ਲੋਕਾਂ ਤਕ ਲਿਜਾਇਆ ਜਾਏ।

ਇਸੇ ਲਹਿਰ ਅਧੀਨ ਕੇਵਲ ਧਾਲੀਵਾਲ ਨੇ 'ਲਾਲ ਬੱਤੀ' ਅਤੇ 'ਪ੍ਰਤਾਪੀ' ਨੂੰ ਪੇਸ਼ ਕਰ ਕੇ ਵੱਡੀਆਂ ਪ੍ਰਾਪਤੀਆਂ ਹਾਸਲ ਕੀਤੀਆਂ ਹਨ। ਪਿਛਲੇ ਸਾਲ ਸੈਮੂਇਲ ਨੇ ਓਮ ਪ੍ਰਕਾਸ਼ ਵਾਲਮੀਕੀ ਦੀ ਆਤਮ-ਕਥਾ 'ਤੇ ਆਧਾਰਤ ਨਾਟਕ 'ਜੂਠ' ਪੇਸ਼ ਕਰ ਕੇ ਨਾਟਕ-ਕਲਾ ਦੀਆਂ ਸ਼ਕਤੀਸ਼ਾਲੀ ਸੰਭਾਵਨਾਵਾਂ ਦਾ ਪ੍ਰਮਾਣ ਦਿੱਤਾ ਸੀ। ਇਸ ਸਾਲ ਪਹਿਲੀ ਮਈ ਦੇ ਸਾਰੀ ਰਾਤ ਦੇ ਪਲਸ ਮੰਚ ਦੇ ਨਾਟਕ ਮੇਲੇ ਵਿਚ ਬਲਜਿੰਦਰ ਨਸਰਾਲੀ ਦੀ ਕਹਾਣੀ 'ਘਸਿਆ ਹੋਇਆ ਆਦਮੀ' ਨੂੰ ਚਮਕੌਰ ਸਾਹਿਬ ਦੇ ਗਰੁੱਪ ਨੇ ਪੇਸ਼ ਕੀਤਾ। ਬਲਬੀਰ ਬੱਲੀ ਦੀ ਨਿਰਦੇਸ਼ਨਾ ਥੱਲੇ ਸੋਮਪਾਲ ਹੀਰਾ ਨੇ ਇਕ-ਪਾਤਰੀ ਨਾਟਕ ਲਾਲ ਸਿੰਘ ਦੀ ਆਤਮ-ਕਥਾ 'ਦਾਸਤਾਨ' ਉਤੇ ਆਧਾਰਤ ਪੇਸ਼ ਕਰ ਕੇ ਨਾਟਕ ਦੀ ਇਸ ਸ਼ਾਨਦਾਰ ਰਵਾਇਤ ਨੂੰ ਅੱਗੇ ਤੋਰਿਆ। ਇਸੇ ਰਵਾਇਤ ਦੇ ਸੰਦਰਭ ਵਿਚ ਨਾਟਕ 'ਮੈਂ ਇਹ ਨਹੀਂ ਹੋਣ ਦਿਆਂਗੀ' ਦੀ ਗੱਲ ਕਰਨੀ ਬਣਦੀ ਹੈ। ਜਿਸ ਤਰਾਂ ਉਤੇ ਦੱਸਿਆ ਹੈ, ਇਹ ਨਾਟਕ ਜਸਵੰਤ ਸਿੰਘ ਵਿਰਦੀ ਦੀ ਕਹਾਣੀ 'ਹਨੇਰੇ ਵਲ ਜਾਂਦਾ ਰਾਹ' (ਦੇਸ਼ ਸੇਵਕ 11 ਜੂਨ, 2000) ਨੂੰ ਆਧਾਰ ਬਣਾ ਕੇ ਲਿਖਿਆ ਗਿਆ ਹੈ।

ਪਿਛਲੇ ਦਿਨਾਂ ਵਿਚ ਤਿੰਨ ਕਹਾਣੀਆਂ ਮੈਨੂੰ ਐਸੀਆਂ ਪੜ੍ਹਨ ਨੂੰ ਮਿਲੀਆਂ, ਜਿਨ੍ਹਾਂ ਬਾਰੇ ਮੇਰਾ ਇਕਦਮ ਪ੍ਰਭਾਵ ਬਣਿਆ ਕਿ ਇਨ੍ਹਾਂ ਨੂੰ ਨਾਟਕੀ ਰੂਪ ਵਿਚ ਵੱਧ ਤੋਂ ਵੱਧ ਲੋਕਾਂ ਤਕ ਲੈ ਜਾਣਾ ਬਣਦਾ ਹੈ। ਇਹ ਕਹਾਣੀਆਂ ਸਨ ਧਰਮਪਾਲ ਸਾਹਿਲ ਦੀ 'ਫਾਸਲੇ' (ਚਿਰਾਗ 31 ਦੇ ਅੰਕ ਵਿਚ), ਬਲਵਿੰਦਰ ਗਰੇਵਾਲ ਦੀ 'ਯੁੱਧ ਖੇਤਰ' (ਸਿਰਜਣਾ 116 ਦੇ ਅੰਕ ਵਿਚ) ਅਤੇ ਜਸਵੰਤ ਸਿੰਘ ਵਿਰਦੀ ਦੀ 'ਹਨੇਰੇ ਵਲ ਜਾਂਦਾ ਰਾਹ'। ਇਸ ਤੀਸਰੀ ਕਹਾਣੀ ਦੇ ਨਾਟਕੀਕਰਨ ਵਿਚ ਮੁੱਖ ਪਾਤਰ ਇਕ ਕਥਾਕਾਰ ਦੇ ਰੂਪ ਵਿਚ ਦਰਸ਼ਕਾਂ ਅੱਗੇ ਪੇਸ਼ ਹੁੰਦੀ ਹੈ।

ਨਾਟਕ ਦੀ ਇਸ ਸ਼ੈਲੀ ਨੂੰ ਬੜੇ ਸਾਲ ਪਹਿਲਾਂ ਸ੍ਰੀ ਨਾਨਕ ਸਿੰਘ ਹੁਰਾਂ ਦੇ ਨਾਵਲ 'ਕੋਈ ਹਰਿਆ ਬੂਟ ਰਹੀਓ ਰੀ' ਨੂੰ ਨਾਟਕੀ ਰੂਪ ਵਿਚ ਪੇਸ਼ ਕਰਨ ਵੇਲੇ ਮੈਂ ਅਪਣਾ ਚੁੱਕਿਆ ਸੀ। ਉਸ ਵੇਲੇ ਮੈਂ ਆਪ ਨਾਨਕ ਸਿੰਘ ਹੁਰਾਂ ਦਾ (ਇਕ ਲੇਖਕ ਦਾ) ਕਿਰਦਾਰ ਨਿਭਾਇਆ ਸੀ। ਨਾਟਕ ਦੇ ਮੁਢਲੇ ਸ਼ਬਦ ਸਨ- ''ਮੈਂ ਨਾਨਕ ਸਿੰਘ ਹਾਂ। ਮੈਨੂੰ ਪੰਜਾਬੀ ਨਾਵਲ ਦਾ ਪਿਤਾਮਾ ਕਹਿੰਦੇ ਹਨ ਪਰ ਮੈਂ ਤਾਂ ਆਪਣੇ ਆਪ ਨੂੰ ਹਮੇਸ਼ਾ ਪੰਜਾਬੀ ਨਾਵਲ ਦਾ ਇਕ ਅਦਨਾ ਸੇਵਕ ਹੀ ਜਾਣਿਆ ਹੈ। ਮੇਰਾ ਸਥੂਲ ਰੂਪ ਖਤਮ ਹੋ ਚੁੱਕਿਆ ਹੈ। ਮੈਂ ਇਸ ਨਾਟਕ ਦੇ ਇਕ ਪਾਤਰ ਦੇ ਰੂਪ ਵਿਚ ਤੁਹਾਡੇ ਸਾਹਮਣੇ ਹਾਂ। ਨਾਟਕ ਵਿਚ ਇਹ ਸਵਾਂਗ ਰਚਾਉਣੇ ਹੀ ਪੈਂਦੇ ਹਨ... ''

ਇਸ ਤੋਂ ਬਾਅਦ 450 ਸਫ਼ਿਆਂ ਦੇ ਉਸ ਨਾਵਲ ਨੂੰ ਚਾਰ ਪਾਤਰਾਂ ਰਾਹੀਂ ਪੇਸ਼ ਕਰਨ ਵਿਚ ਮੈਨੂੰ ਕੋਈ ਮੁਸ਼ਕਲ ਨਹੀਂ ਆਈ ਸੀ ਕਿਉਂਕਿ ਨਾਵਲ ਦਾ ਨਾਟਕੀ ਬਿਰਤਾਂਤ ਦ੍ਰਿਸ਼ਾਂ ਤੋਂ ਇਲਾਵਾ ਨਾਵਲ ਦੀ ਕਹਾਣੀ ਨੂੰ ਅੱਗੇ ਤੋਰਦਾ ਸੀ। ਲੁਧਿਆਣਾ ਦੀ 'ਦਰੇਸੀ ਗਰਾਊਂਡ' ਵਿਚ ਇਕ ਕਾਨਫਰੰਸ ਵਿਚ ਇਹ ਨਾਟਕ 10 ਹਜ਼ਾਰ ਲੋਕਾਂ ਦੀ ਹਾਜ਼ਰੀ ਵਿਚ ਪੂਰੀ ਸਫਲਤਾ ਨਾਲ ਪੇਸ਼ ਹੋਇਆ ਸੀ। ਇਹਦੀ ਸਫਲਤਾ ਦਾ ਇਕ ਕਾਰਨ ਇਹ ਵੀ ਸੀ ਕਿਉਂਕਿ ਉਸ ਵੇਲੇ ਮੇਰੇ ਨਾਲ ਜਤਿੰਦਰ ਕੌਰ, ਹਰਭਜਨ ਜੱਬਲ, ਲੋਕ ਨਾਥ ਅਤੇ ਕ੍ਰਿਸ਼ਨ ਸੈਨੀ (ਮਰਹੂਮ) ਵਰਗੇ ਬੜੀ ਹੀ ਸੂਝ ਵਾਲੇ ਕਲਾਕਾਰ ਸਨ। ਸਿਰਫ ਪੰਜ ਕਲਾਕਾਰਾਂ ਨਾਲ ਹੀ ਇਸ ਵੱਡੇ ਨਾਵਲ ਦੀ ਕਹਾਣੀ ਨੂੰ ਨਾਟਕੀ ਰੂਪ ਵਿਚ ਪੇਸ਼ ਕੀਤਾ। ਅਲਾਹਾਬਾਦ ਦੇ ਰਾਸ਼ਟਰੀ ਨਾਟਕ ਮੇਲੇ ਵਿਚ ਜਿਥੇ 81 ਨਾਟਕ ਪੇਸ਼ ਕੀਤੇ ਗਏ, ਇਸ ਨੂੰ ਸਰਵਉੱਤਮ ਪ੍ਰਯੋਗ ਨਾਟਕ ਦਾ ਪੁਰਸਕਾਰ ਮਿਲਿਆ। 'ਮੈਂ ਇਹ ਨਹੀਂ ਹੋਣ ਦਿਆਂਗੀ' ਹੁਣ ਇਸੇ ਸ਼ੈਲੀ ਵਿਚ ਪੇਸ਼ ਕੀਤਾ ਗਿਆ ਹੈ।

ਇਹ ਇਕ ਮਾਂ ਦੇ ਇਰਾਦੇ ਦੀ ਕਹਾਣੀ ਹੈ ਜੋ ਆਪਣੇ ਪੁੱਤਰ ਨੂੰ ਨਸ਼ਿਆਂ ਦੇ ਰਾਹ ਤੋਂ ਵਾਪਸ ਲਿਆਉਂਦੀ ਹੈ। ਸਾਰੀ ਕਹਾਣੀ ਦਾ ਨਾਟਕੀ ਬਿਰਤਾਂਤ ਮਾਂ ਦੀ ਜ਼ਬਾਨੀ ਹੈ ਜੋ ਨਾਟਕ ਦੀ ਮੁੱਖ ਪਾਤਰ ਹੈ। ਉਹ ਆਪਣੇ ਆਪ ਦੀ ਦਰਸ਼ਕਾਂ ਨਾਲ ਪਹਿਚਾਣ ਕਰਵਾਉਂਦੀ ਹੈ:

''ਮੈਂ ਇਕ ਔਰਤ ਹਾਂ। ਮੈਂ ਤੁਹਾਨੂੰ ਇਕ ਕਹਾਣੀ ਸੁਣਾਉਣ ਜਾ ਰਹੀ ਹਾਂ। ਔਰਤ ਦੀ ਕਹਾਣੀ ਆਮ ਤੌਰ 'ਤੇ ਇਕ ਤ੍ਰਾਸਦੀ ਦੀ ਕਹਾਣੀ ਹੁੰਦੀ ਹੈ ਕਿਉਂਕਿ ਆਪਣੀ ਜ਼ਿੰਦਗੀ ਦੇ ਸਫ਼ਰ ਵਿਚ ਉਹਨੂੰ ਬਹੁਤੀ ਵਾਰ ਇਕ ਦੁੱਖ ਤੋਂ ਸਿਵਾ ਕੁਝ ਨਹੀਂ ਮਿਲਦਾ। ਪਰ ਮੈਂ ਜੋ ਤੁਹਾਨੂੰ ਸੁਣਾਉਣ ਜਾ ਰਹੀ ਹਾਂ, ਇਹ ਇਕ ਮਾਂ ਦੇ ਇਰਾਦੇ ਦੀ ਕਹਾਣੀ ਹੈ। ਇਕ ਰਾਤ ਮੈਂ ਜਦੋਂ ਸੌਣ ਦੀ ਤਿਆਰੀ ਕਰ ਰਹੀ ਸਾਂ, ਜ਼ੋਰ-ਜ਼ੋਰ ਦਾ ਦਰਵਾਜ਼ਾ ਖੜਕਿਆ... ''

ਦਰਵਾਜ਼ਾ ਖੜਕਦਾ ਹੈ। ਇਸ ਤਰ੍ਹਾਂ ਨਾਟਕ ਸ਼ੁਰੂ ਹੋ ਜਾਂਦਾ ਹੈ। ਮਾਂ ਕਹਾਣੀ ਵੀ ਸੁਣਾਉਂਦੀ ਹੈ ਤੇ ਨਾਲ ਨਾਲ ਦ੍ਰਿਸ਼ ਵੀ ਪੇਸ਼ ਹੁੰਦੇ ਜਾ ਰਹੇ ਹਨ। ਇੰਸਪੈਕਟਰ ਆਉਂਦਾ ਹੈ, ਪੁਲੀਸ ਦੇ ਲਹਿਜੇ ਵਿਚ ਉਹ ਪੁੱਛਗਿੱਛ ਕਰਦਾ ਹੈ। ਮਾਂ ਨੂੰ ਇਤਲਾਹ ਦਿੰਦਾ ਹੈ ਕਿ ਉਹਦਾ ਪੁੱਤਰ ਥਾਣੇ ਵਿਚ ਲਿਆਂਦਾ ਗਿਆ ਹੈ। ਮਾਂ ਨੂੰ ਥਾਣੇ ਨਹੀਂ ਲਿਜਾਇਆ ਜਾ ਸਕਦਾ ਕਿਉਂਕਿ ਔਰਤਾਂ ਲਈ ਇਹਦੀ ਮਨਾਹੀ ਹੈ। ਇਥੇ ਹੀ ਮਾਂ ਵਲੋਂ ਇੰਕਸ਼ਾਫ ਕੀਤਾ ਜਾਂਦਾ ਹੈ ਕਿ ਉਹਦਾ ਪਤੀ ਤਿੰਨ ਸਾਲ ਪਹਿਲਾਂ ਉਸ ਨੂੰ ਹਮੇਸ਼ਾ ਲਈ ਛੱਡ ਗਿਆ ਹੈ। ਇੰਸਪੈਕਟਰ ਚਲਿਆ ਜਾਂਦਾ ਹੈ, ਮਾਂ ਫਿਕਰਾਂ ਵਿਚ ਡੁੱਬੀ ਆਪਣੀ ਤੇ ਆਪਣੇ ਪੁੱਤਰ ਨਾਲ ਸਬੰਧਤ ਯਾਦਾਂ ਨਾਲ ਜੁੜਦੀ ਹੈ। ਵਾਰ ਵਾਰ ਉਹਦੇ ਕੰਨਾਂ ਵਿਚ ਉਹਦੇ ਪਤੀ ਦੀ ਕਹੀ ਇਹ ਗੱਲ ਪੈ ਰਹੀ ਹੈ- ਇਕੱਲੀ ਔਰਤ ਬੱਚੇ ਨੂੰ ਨਹੀਂ ਪਾਲ ਸਕਦੀ- ਮਾਂ ਨੇ ਚੁਣੌਤੀ ਦੇ ਰੂਪ ਵਿਚ ਇਨ੍ਹਾਂ ਬੋਲਾਂ ਨੂੰ ਕਬੂਲਿਆ ਸੀ। ਉਹ ਆਪਣੇ ਬੱਚੇ ਨੂੰ ਪਾਲ ਰਹੀ ਸੀ ਪਰ ਫਿਰ ਇਹ ਸਭ ਕੁਝ ਕਿਸ ਤਰ੍ਹਾਂ ਵਾਪਰ ਗਿਆ। ਉਹਦਾ ਪੁੱਤਰ ਥਾਣੇ ਕਿਸ ਤਰ੍ਹਾਂ ਪਹੁੰਚ ਗਿਆ। ਮਨਬਚਨੀ ਰਾਹੀਂ ਮਾਂ ਇਹ ਸਭ ਕੁਝ ਦਰਸ਼ਕਾਂ ਨਾਲ ਸਾਂਝਾ ਕਰਦੀ ਹੈ। ਉਹਦੇ ਪਤੀ ਦੀ ਪਿੱਠ-ਭੂਮੀ 'ਤੇ ਆਵਾਜ਼ ਨਾਟਕ ਨੂੰ ਲੋੜੀਂਦੀ ਨਾਟਕ ਗਤੀ ਪ੍ਰਦਾਨ ਕਰਦੀ ਹੈ।

ਸਵੇਰੇ ਇੰਸਪੈਕਟਰ ਪੁੱਤਰ ਨੂੰ ਬੁਰੇ ਹਾਲ ਵਿਚ ਮਾਂ ਦੇ ਕੋਲ ਲਿਆਉਂਦਾ ਹੈ। ਉਹਦੀਆਂ ਅੱਖਾਂ ਚੜ੍ਹੀਆਂ ਹੋਈਆਂ ਹਨ। ਉਹ ਬੁਰੀ ਤਰ੍ਹਾਂ ਨਸ਼ੇ ਦਾ ਸ਼ਿਕਾਰ ਹੈ। ਇਹ ਨਾਟਕੀ ਦ੍ਰਿਸ਼ ਹੈ। ਇੰਸਪੈਕਟਰ ਦੱਸਦਾ ਹੈ ਕਿ ਮੁੰਡੇ ਨੂੰ ਇਕ ਨਸ਼ਿਆਂ ਵਾਲੇ ਘੁਰਨੇ ਤੋਂ ਛਾਪਾ ਮਾਰ ਕੇ ਬਰਾਮਦ ਕੀਤਾ ਗਿਆ ਹੈ। ਮਾਂ ਦੇ ਪੁੱਛਣ 'ਤੇ ਇੰਸਪੈਕਟਰ ਨਸ਼ਿਆਂ ਦਾ ਧੰਦਾ ਕਰਨ ਵਾਲਿਆਂ ਬਾਰੇ ਮਾਂ ਨੂੰ ਪੂਰੀ ਜਾਣਕਾਰੀ ਦਿੰਦਾ ਹੈ ਅਤੇ ਨਾਲ ਹੀ ਹਮਦਰਦੀ ਨਾਲ ਕਹਿੰਦਾ ਹੈ ਕਿ ਮਾਂ ਆਪਣੇ ਪੁੱਤਰ ਨੂੰ ਕਿਸੇ ਤਰ੍ਹਾਂ ਇਸ ਰਾਹ ਤੋਂ ਮੋੜੇ। ਮਾਂ ਆਪਣੇ ਪੁੱਤਰ ਨਾਲ ਗੱਲਾਂ ਕਰਦੀ ਹੈ। ਮਾਂ ਨੇ ਤਾਂ ਆਪਣੇ ਪੁੱਤਰ ਨੂੰ ਸ਼ਹਿਰ ਦੇ ਸਾਰਿਆਂ ਨਾਲੋਂ ਚੰਗੇ ਸਕੂਲ ਵਿਚ ਦਾਖਲ ਕਰਵਾਇਆ ਸੀ। ਇਕ ਪ੍ਰਾਈਵੇਟ ਅਦਾਰੇ ਵਿਚ ਨਰਸ ਦੀ ਨੌਕਰੀ ਕਰ ਕੇ ਉਹਨੇ ਆਪਣੀ ਸਾਰੀ ਕਮਾਈ ਪੁੱਤਰ ਉਤੇ ਲਗਾ ਦਿੱਤੀ ਸੀ। ਪੁੱਤਰ ਚੁੱਪ ਹੈ, ਬੋਲਦਾ ਨਹੀਂ ਪਰ ਮਾਂ ਦੇ ਜ਼ੋਰ ਦੇਣ 'ਤੇ ਭੁੱਬ ਮਾਰ ਕੇ ਦੱਸਦਾ ਹੈ ਕਿ ਉਸ ਦੇ ਸਕੂਲ ਵਿਚ ਪੜ੍ਹਦੇ ਅਮੀਰਾਂ ਦੇ ਬੱਚਿਆਂ ਨੇ ਉਸ ਵਿਚ 'ਹੀਣ ਭਾਵਨਾ' ਪੈਦਾ ਕੀਤੀ ਹੈ। ਉਨ੍ਹਾਂ ਦੇ ਬੋਝੇ ਹਮੇਸ਼ਾ ਨੋਟਾਂ ਨਾਲ ਭਰੇ ਹੁੰਦੇ ਹਨ। ਇਸ ਹੀਣ ਭਾਵਨਾ ਨੇ ਹੀ ਉਸ ਨੂੰ ਨਸ਼ਿਆਂ ਦਾ ਰਾਹ ਅਪਣਾਉਣ 'ਤੇ ਮਜਬੂਰ ਕੀਤਾ ਹੈ। ਉਹ ਹੀਣ ਭਾਵਨਾ ਦਾ ਸ਼ਿਕਾਰ ਹੈ। ਮਾਂ ਇਰਾਦਾ ਬਣਾਉਂਦੀ ਹੈ ਕਿ ਉਹ ਆਪਣੇ ਪੁੱਤਰ ਦੀ ਇਹ ਹੀਣ ਭਾਵਨਾ ਖਤਮ ਕਰੇਗੀ। ਉਹ ਯਾਦ ਕਰਦੀ ਹੈ ਕਿ ਉਹਦੇ ਪੁੱਤਰ ਵਿਚ ਤਾਂ ਬੜਾ ਸਵੈ-ਵਿਸ਼ਵਾਸ ਸੀ। ਉਹਨੇ ਇਕ ਵਾਰ ਆਪਣੇ ਬਾਪ ਦਾ ਉਹ ਹੱਥ ਬੜੇ ਵਿਸ਼ਵਾਸ ਨਾਲ ਰੋਕਿਆ ਸੀ ਜੋ ਉਹਦੀ ਮਾਂ ਨੂੰ ਮਾਰਨ ਲਈ ਉਠਿਆ ਸੀ ਅਤੇ ਨਾਲ ਹੀ ਇਹ ਕਿਹਾ ਸੀ, ''ਬਾਪੂ, ਮੈਂ ਹੁਣ ਇਹ ਨਹੀਂ ਹੋਣ ਦਿਆਂਗਾ।'' (ਫਲੈਸ਼ ਬੈਕ ਦੀ ਤਕਨੀਕ ਵਿਚ ਇਹ ਘਟਨਾ ਪੇਸ਼ ਕੀਤੀ ਜਾਂਦੀ ਹੈ। ਇਹ ਫਲੈਸ਼ ਬੈਕ ਗੋਰਕੀ ਦੇ ਨਾਵਲ 'ਮਾਂ' ਤੋਂ ਲਿਆ ਗਿਆ ਹੈ)। ਮਾਂ ਪੁੱਤਰ ਨੂੰ ਹੌਲੀ ਹੌਲੀ ਸਭ ਯਾਦ ਕਰਵਾਉਂਦੀ ਹੈ।

ਉਹ ਮਹਿਸੂਸ ਕਰਦੀ ਹੈ ਕਿ ਇਸ ਗੱਲ ਦਾ ਉਹਦੇ ਪੁੱਤਰ 'ਤੇ ਅਸਰ ਹੋਇਆ ਹੈ। ਨਾਟਕ ਦਾ ਸਿਖਰ ਹੈ ਜਦੋਂ ਕੁਝ ਦਿਨਾਂ ਬਾਅਦ ਕੂੜੇ ਦੇ ਪੀਪੇ ਵਿਚੋਂ ਮਾਂ ਨੂੰ ਉਹ ਸਭ ਕੁਝ ਮਿਲਦਾ ਹੈ ਜੋ ਉਹਦੇ ਪੁੱਤਰ ਦੀ ਬਰਬਾਦੀ ਦਾ ਕਾਰਨ ਬਣਿਆ ਸੀ। ਉਹਨੂੰ ਹਨੇਰੇ ਵਾਲੇ ਰਾਹ 'ਤੇ ਲੈ ਗਿਆ ਸੀ। ਹੁਣ ਛੋਟੀਆਂ-ਛੋਟੀਆਂ ਡੱਬੀਆਂ, ਕੈਪਸੂਲ, ਗੋਲੀਆਂ ਦੇ ਪੱਤੇ, ਨੰਗੀਆਂ ਤਸਵੀਰਾਂ, ਗੰਦੀਆਂ ਕਿਤਾਬਾਂ। ਮਾਂ ਉਨ੍ਹਾਂ ਚੀਜ਼ਾਂ ਨੂੰ ਇਕ-ਇਕ ਕਰ ਕੇ ਵੇਖਦੀ ਹੈ। ਮਹਿਸੂਸ ਕਰਦੀ ਹੈ ਕਿ ਉਹਦਾ ਪੁੱਤਰ ਉਸ ਰਾਹ ਤੋਂ ਮੁੜ ਆਇਆ ਹੈ। ਉਹਦੇ ਮੂੰਹੋਂ ਪੁੱਤਰ ਦੇ ਕਹੇ ਹੋਏ ਬੋਲਾਂ ਵਾਂਗੂੰ ਇਹ ਬੋਲ ਨਿਕਲਦੇ ਹਨ- ''ਮੈਂ ਹੁਣ ਇਹ ਨਹੀਂ ਹੋਣ ਦਿਆਂਗੀ।''

ਇਹ ਨਾਟਕ ਜਦੋਂ 13 ਜੁਲਾਈ ਨੂੰ ਪੰਜਾਬ ਕਲਾ ਭਵਨ ਚੰਡੀਗੜ੍ਹ ਵਿਖੇ ਕੀਤਾ ਗਿਆ ਤਾਂ ਇਹ ਪੂਰੀ ਤਰ੍ਹਾਂ ਆਪਣਾ ਪ੍ਰਭਾਵ ਬਣਾਉਣ ਵਿਚ ਕਾਮਯਾਬ ਹੋਇਆ। 15 ਜੁਲਾਈ ਜੈਤੋ ਵਿਖੇ ਰਾਮ ਲੀਲਾ ਗਰਾਊਂਡ ਦੇ ਖੁੱਲ੍ਹੇ ਮੰਚ 'ਤੇ ਜਦੋਂ ਇਹ ਨਾਟਕ ਖੇਡਿਆ ਗਿਆ ਤਾਂ ਇਹਦੀ ਮਹੱਤਤਾ ਹੋਰ ਵੀ ਉਘੜ ਕੇ ਸਾਹਮਣੇ ਆਈ। ਇਹ ਸਮਕਾਲੀ ਦੌਰ ਦਾ ਇਕ ਪ੍ਰਤੀਨਿਧ ਨਾਟਕ ਹੋ ਨਿੱਬੜਿਆ। ਇਹ ਕਹਿਣਾ ਬਣਦਾ ਹੈ ਕਿ ਇਸ ਨਾਟਕ ਦੀ ਕਾਮਯਾਬੀ ਸੁਲੇਮਾਨ ਭੱਟ ਦੀ ਨਿਰਦੇਸ਼ਨਾ ਥੱਲੇ ਕਲਾਕਾਰਾਂ ਦੀ ਮਿਹਨਤ ਦਾ ਨਤੀਜਾ ਸੀ ਜਿਨ੍ਹਾਂ ਵਿਚ ਜਸਪਾਲ ਦਿਓਲ, ਸੁਲੇਮਾਨ ਭੱਟ ਆਪ, ਦਿਲਵਾਰ ਸਿੱਧੂ ਅਤੇ ਰਾਜਿੰਦਰ ਰਾਜੂ ਸ਼ਾਮਲ ਸਨ। ਉਨ੍ਹਾਂ ਦੀ ਅਦਾਕਾਰੀ ਨਾਟਕ ਦਾ ਹਾਸਲ ਸੀ।

ਹੁਣ ਜਦੋਂ ਹਰ ਪਾਸੇ ਇਹ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਪੰਜਾਬ ਵਿਚ ਕਿਤਾਬ ਦੇ ਪਾਠਕ ਘਟ ਰਹੇ ਹਨ ਤਾਂ ਦੂਜੇ ਪਾਸੇ ਸਾਹਿਤ ਦੀਆਂ ਚੰਗੀਆਂ ਰਚਨਾਵਾਂ ਨੂੰ ਨਾਟਕਾਂ ਰਾਹੀਂ ਪੇਸ਼ ਕਰਨਾ ਵੀ ਇਕ ਲਹਿਰ ਦਾ ਰੂਪ ਧਾਰ ਰਿਹਾ ਹੈ। ਇਹ ਨਾਟਕ ਲਈ ਵੀ ਅਤੇ ਸਾਹਿਤ ਲਈ ਵੀ ਇਕ ਸ਼ੁਭ ਗੱਲ ਕਹੀ ਜਾ ਸਕਦੀ ਹੈ।

ਪੋਸਟ ਸਕਰਿਪਟ: ਚੰਡੀਗੜ੍ਹ ਵਿਚ ਨੈਸ਼ਨਲ ਸਕੂਲ ਆਫ ਡਰਾਮਾ ਤੋਂ ਪੜ੍ਹ ਕੇ ਆਈ ਨਿਰਦੇਸ਼ਕਾ ਵਿੰਮੀ ਜੱਗੀ, ਜੋ ਪ੍ਰੋ. ਅੰਕੁਰ ਦੀ ਸ਼ਾਗਿਰਦ ਹੈ, ਕਹਾਣੀਆਂ ਨੂੰ ਨਾਟਕੀ ਰੂਪ ਦੇਣ ਲਈ ਵਿਸ਼ੇਸ਼ ਕੰਮ ਕਰ ਰਹੀ ਹੈ। ਉਹਦੇ ਕੰਮ ਦਾ ਜਾਇਜ਼ਾ ਵਿਸਥਾਰ ਨਾਲ ਤਾਂ ਕਿਸੇ ਅਗਲੇ ਅੰਕ ਵਿਚ ਕਰਾਂਗੇ।